*Harvinder Singh Phoolka*
*C-253 Defence Colony, New Delhi*
*Ph: 9811021916, 24336488*
*E-mail: phoolka@gmail.com*

12.10.2018

ਸੇਵਾ ਵਿਖੇ
ਮਾਣਯੋਗ ਸਪੀਕਰ ਸਾਹਿਬ
ਪੰਜਾਬ ਵਿਧਾਨ ਸਭਾ, ਸੈਕਟਰ -1, ਚੰਡੀਗੜ।

**ਵਿਸ਼ਾ : ਪੰਜਾਬ ਦੀ ਕਾਂਗਰੇਸ ਸਰਕਾਰ ਦਾ ਲੋਕਾਂ ਨਾਲ ਧੋਖਾ - ਇਸ ਲਈ MLA ਦੇ ਅਹੁਦੇ ਤੋਂ ਅਸਤੀਫ਼ਾ**

ਸ੍ਰੀ ਮਾਨ ਜੀ,

ਵਿਧਾਨ ਸਭਾ ਦੇ ਵਿੱਚ ਬੇਅਦਬੀ ਦੇ ਮੁੱਦੇ ਤੇ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਤੇ ਬਹਿਸ ਦੇ ਦੌਰਾਨ ਪੰਜਾਬ ਸਰਕਾਰ ਦੇ ਪੰਜ ਮੰਤਰੀਆਂ ਨੇ ਬਹੁਤ ਲੰਬੇ-ਲੰਬੇ ਭਾਸ਼ਣ ਦਿੱਤੇ | ਇਹ ਪੰਜ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਨਵਜੋਤ ਸਿੰਘ ਸਿੱਧੂ, ਮਨਪ੍ਰੀਤ ਸਿੰਘ ਬਾਦਲ, ਤ੍ਰਿਪਤ ਰਜਿੰਦਰ ਸਿੰਘ ਬਾਜਵਾ ਅਤੇ ਚਰਨਜੀਤ ਸਿੰਘ ਚੰਨੀ । ਇਹਨਾਂ ਪੰਜਾਂ ਹੀ ਮੰਤਰੀਆਂ ਨੇ ਅਪਣੇ ਭਾਸ਼ਣ ਦੇ ਵਿੱਚ ਬੇਅਦਬੀ ਦੇ ਮਾਮਲੇ ਦੇ ਵਿੱਚ ਨਿਹੱਥੇ ਸਿੱਖਾਂ ਦੇ ਉੱਤੇ ਸ਼ਾਂਤੀ ਪੂਰਵਕ ਧਰਨੇ ਤੇ ਬੈਠੇ ਲੋਕਾਂ ਤੇ ਗੋਲੀ ਚਲਾਓਣ ਦੇ ਲਈ ਉਸ ਵੇਲੇ ਦੇ ਡੀ.ਜੀ.ਪੀ ਸੁਮੇਧ ਸਿੰਘ ਸੈਣੀ ਅਤੇ ਓਸ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਿੱਧੇ ਤੌਰ ਤੇ ਜਿੰਮੇਵਾਰ ਠਹਿਰਾਇਆ, ਨਾਲ ਹੀ ਇਹਨਾਂ ਇਹ ਵੀ ਕਿਹਾ ਕਿ ਬੇਅਦਬੀ ਕਰਵਾਉਣ ਚ ਡੇਰਾ ਮੁੱਖੀ ਰਾਮ ਰਹੀਮ ਵੀ ਜਿੰਮੇਵਾਰ ਹੈ। ਇਹਨਾਂ ਮੰਤਰੀਆਂ ਨੇ ਵਿਧਾਨ ਸਭਾ ਦੇ ਭਾਸ਼ਣ ਦੇ ਦੌਰਾਨ ਇਹ ਕਿਹਾ ਇਹਨਾਂ ਤਿੰਨਾਂ ਦੇ ਖਿਲਾਫ ਕ੍ਰਿਮੀਨਲ ਕੇਸ ਚਲਾਏ ਜਾਣਗੇਂ |

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੰਜਾਬ ਦੇ ਸਾਰੇ ਹੀ ਲੋਕ ਬੜੀ ਸ਼ਰਧਾ ਦੇ ਨਾਲ ਮੰਨਦੇ ਹਨ ਤੇ ਸਤਿਕਾਰ ਕਰਦੇ ਹਨ। ਉਸ ਗੁਰੂ ਗ੍ਰੰਥ ਸਾਹਿਬ ਨੂੰ ਪਾੜ ਕੇ ਅਤੇ ਉਨ੍ਹਾਂ ਦੇ ਅੰਗ (ਪਤਰੇ) ਗਲੀਆਂ ਤੇ ਰੂੜੀਆਂ ਤੇ ਖਿੰਡਾ ਦਿੱਤੇ ਗਏ। ਪੰਜਾਬ ਦੇ ਲੋਕਾਂ ਦਾ ਹਿਰਦਾ ਇਸ ਘਿਨੌਣੀਂ ਘਟਨਾ ਨਾਲ ਵਲੂੰਦਰੀਆ ਗਿਆ।

ਸਾਰੇ ਹੀ ਬੁਲਾਰਿਆਂ ਨੇ ਵਿਧਾਨ ਸਭਾ ਦੇ ਵਿੱਚ ਇਹ ਕਿਹਾ ਸੀ ਕਿ ਇਤਿਹਾਸ ਗਵਾਹ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਮੁਲਜਮਾਂ ਨੂੰ ਹੁਣ ਤੱਕ ਬਖਸ਼ਿਆ ਨਹੀਂ ਗਿਆ ਤੇ ਹੁਣ ਵੀ

*Harvinder Singh Phoolka*
C-253 Defence Colony, New Delhi
Ph: 9811021916, 24336488
E-mail: phoolka@gmail.com

ਬਕਸ਼ਿਆ ਨਹੀਂ ਜਾਵੇਗਾ । ਪਰ ਮੌਜੂਦਾ ਕਾਂਗਰੇਸ ਸਰਕਾਰ ਸਿਰਫ ਲਿੱਪਾ-ਪੋਚੀ ਕਰਨ ਤੇ ਹੀ ਲੱਗੀ ਹੈ ਤੇ ਹੁਣ ਤੱਕ ਕੋਈ ਵੀ ਠੋਸ ਕਦਮ ਨਹੀਂ ਚੁੱਕਿਆ ਗਿਆ ।

ਸਰਕਾਰ ਦੇ ਪੰਜ ਮੰਤਰੀਆਂ ਨੂੰ ਵਿਧਾਨ ਸਭਾ ਵਿੱਚ ਖੁੱਲਾ ਸਮਾਂ ਦਿੱਤਾ ਗਿਆ। ਉਸ ਵੇਲੇ ਵਿਧਾਨ ਸਭਾ ਦੀ ਕਾਰਵਾਈ ਟੀ.ਵੀ. ਦੇ ਉੱਤੇ ਸਿੱਧਾ ਪ੍ਰਸਾਰਣ ਚੱਲ ਰਿਹਾ ਸੀ। ਪੰਜਾਬ ਦੇ ਲੋਕਾਂ ਨੂੰ ਇਹ ਦਿਖਾਉਣ ਲਈ ਕਿ ਕਾਂਗਰੇਸ ਦੋਸ਼ੀਆਂ ਨੂੰ ਸਜਾ ਦਿਵਾਉਗੀ ਤੇ ਪੰਜੇ ਮੰਤਰੀਆਂ ਨੇ ਵਾਰ-ਵਾਰ ਇਨ੍ਹਾਂ ਤਿੰਨਾਂ ਮੁਲਜਿਮਾਂ ਦੇ ਖਿਲਾਫ ਕੇਸ ਚਲਾਉਣ ਦੀ ਗੱਲ ਕਹੀ। ਹੈਰਾਨੀ ਦੀ ਗੱਲ ਹੈ ਕਿ ਸਪੀਕਰ ਵਲੋਂ ਵੀ ਹਰ ਮੰਤਰੀ ਨੂੰ ਲਗਭਗ ਇੱਕ ਘੰਟੇ ਦਾ ਸਮਾਂ ਦਿੱਤਾ ਗਿਆ, ਪਰ ਬਹਿਸ ਦੇ ਅਖੀਰ ਵਿਚ ਜਦੋਂ ਮਤੇ ਪਾਸ ਹੋਏ ਸੀ ਤਾਂ ਉਸ ਵੇਲੇ ਸਰਕਾਰ ਨੇ ਇਨ੍ਹਾਂ ਤਿਨ੍ਹਾਂ ਦੇ ਖਿਲਾਫ ਮੁਕਦਮਾਂ ਚਲਾਉਣ ਦਾ ਕੋਈ ਮਤਾ ਪਾਸ ਨਹੀਂ ਕੀਤਾ ਤੇ ਨਾ ਹੀ ਮੁੱਖ ਮੰਤਰੀ ਨੇ ਸਦਨ ਦੇ ਵਿਚ ਐਲਾਨ ਕੀਤਾ ਕਿ ਇਨ੍ਹਾਂ ਤਿੰਨਾਂ ਦੇ ਖਿਲਾਫ ਕੇਸ ਚਲਣਗੇਂ।

ਇਨ੍ਹਾਂ 5 ਮੰਤਰੀਆਂ ਨੂੰ ਆਪਣੇ ਅਹੁਦੇ ਤੇ ਰਹਿਣ ਦਾ ਕੋਈ ਹੱਕ ਨਹੀਂ।

28 ਅਗਸਤ 2018 ਦੇ ਸਦਨ ਦੀ ਕਾਰਵਾਈ ਇਸ ਗੱਲ ਦੀ ਗਵਾਹ ਹੈ ਕਿ ਸਦਨ ਵਿਚ ਟੀ.ਵੀ. ਤੇ ਚਲ ਰਹੀ ਕਾਰਵਾਈ ਪੰਜਾਬ ਦੇ ਲੋਕਾਂ ਨੂੰ ਮੰਤਰੀਆਂ ਵਲੋਂ ਵਿਸਵਾਸ ਦਿਵਾਇਆ ਗਿਆ ਕਿ ਦੋਸ਼ੀਆਂ ਦੇ ਖਿਲਾਫ ਕੇਸ ਚਲਣਗੇਂ, ਪਰ ਅਫਸੋਸ ਦੀ ਗੱਲ ਹੈ ਕਿ ਅਗਲੇ ਦਿਨ ਇਨ੍ਹਾਂ ਮੰਤਰੀਆਂ ਵਲੋਂ ਇਹ ਕਹਿਣਾਂ ਸ਼ੁਰੂ ਕਰ ਦਿੱਤਾ ਗਿਆ ਕਿ ਅਜੇ 4 – 5 ਮਹੀਨੇ ਲਗਣਗੇਂ। ਇਨ੍ਹਾਂ ਦੇ ਮੁਨਸਫੇ ਸਿਰਫ ਸਿਆਸੀ ਫਾਇਦਾ ਚੁੱਕਣਾ ਸੀ, ਇਨਸਾਫ ਦਿਵਾਉਣ ਦੀ ਕੋਈ ਨੀਅਤ ਨਹੀ।

ਇੱਕ ਮੰਤਰੀ ਦਾ ਸਦਨ ਵਿਚ ਬੋਲਣਾਂ ਉਹ ਸਰਕਾਰ ਦਾ ਪੱਖ ਹੀ ਹੁੰਦਾ ਹੈ। ਪਰ ਸਦਨ ਵਿਚ 5 ਮੰਤਰੀ ਇਹ ਵਾਰ-ਵਾਰ ਬੋਲੇ ਕਿ ਹੁਣੇਂ ਕਾਰਵਾਈ ਕੀਤੀ ਜਾਵੇਗੀ। ਅਗਲੇ ਦਿਨ ਹੀ. ਇਸ ਤੋਂ ਮੁਕਰ ਗਏ। ਇਹ ਸਦਨ ਦੀ ਤੋਹੀਨ ਹੈ। ਪਰ ਮੈਨੂੰ ਪਤਾ ਹੈ ਕਿ ਸਪੀਕਰ ਸਾਹਿਬ ਕਦੇ ਵੀ ਇਨਾਂ ਮੰਤਰੀਆਂ ਦੇ ਖਿਲਾਫ ਸਦਨ ਦੀ ਤੋਹੀਨ ਵਾਸਤੇ ਕੋਈ ਕਾਰਵਾਈ ਨਹੀਂ ਕਰਣ ਦੇਣਗੇਂ। ਕਾਂਗਰੇਸ ਪਾਰਟੀ ਸਦਨ ਦੇ ਵਿਚ 78 MLA ਨੂੰ ਲੈ ਕੇ ਬਹੁਤ ਵੱਡੇ ਬਹੁਮਤ ਵਿਚ ਬੈਠੀ ਹੈ ਤੇ ਬਹੁਮਤ ਦਾ

H Phoolka

*Harvinder Singh Phoolka*
*C-253 Defence Colony, New Delhi*
*Ph: 9811021916, 24336488*
*E-mail: phoolka@gmail.com*

ਨਾਜਾਇਜ਼ ਫਾਈਦਾ ਚੁੱਕ ਰਹੀ ਹੈ। ਕਾਂਗਰੇਸ ਦੇ ਕੋਈ ਵੀ ਮੰਤਰੀ ਜਾਂ MLA ਕੁਝ ਵੀ ਬੋਲ ਜਾਣ ਉਨ੍ਹਾਂ ਤੇ ਕੋਈ ਕਾਰਵਾਈ ਨਹੀਂ ਹੁੰਦੀ। ਪਰ ਕਾਰਵਾਈ ਸਿਰਫ ਵਿਰੋਧੀ ਧਿਰ ਦੇ MLA ਦੇ ਖਿਲਾਫ ਹੀ ਹੁੰਦੀ ਹੈ।

ਇਸ ਵਕਤ ਕਾਂਗਰੇਸ ਦਾ High Command ਰਾਮ-ਰਹੀਮ ਦੇ ਖਿਲਾਫ ਤੇ ਸੁਮੇਦ ਸਿੰਘ ਸੈਣੀ ਦੇ ਖਿਲਾਫ ਕੋਈ ਵੀ ਕਾਰਵਾਈ ਨਹੀਂ ਚਾਹੁੰਦਾ। ਹਰਿਆਣਾ ਦੇ ਵਿੱਚ ਆਗਾਮੀ ਚੋਣਾਂ ਦੇ ਮੱਦੇਨਜ਼ਰ ਕਾਂਗਰੇਸ ਰਾਮ-ਰਹੀਮ ਦੀ ਵੋਟਾਂ ਲੈਣ ਕਰਕੇ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਲ ਰਹੀ ਹੈ।

ਇਹੋ ਜਹੇ ਹਾਲਾਤਾਂ ਦੇ ਵਿਚ ਇਹ ਜਰੂਰੀ ਹੋ ਗਿਆ ਹੈ ਕਿ ਸਰਕਾਰ ਦੇ ਉੱਤੇ ਜੋਰ ਪਾਉਣ ਲਈ ਅਤੇ ਸਰਕਾਰ ਦੀ ਬਦ-ਨਿਅਤੀ ਦੇ ਖਿਲਾਫ, ਰੋਸ਼ ਵਜੋਂ ਮੈਂ ਆਪਣੇ MLA ਦੇ ਪਦ ਤੋਂ ਅਸਤੀਫਾ ਦਵਾਂ।

ਇਸ ਲਈ ਮੈਂ MLA ਦੇ ਪਦ ਤੋਂ ਤੁਰੰਤ ਆਪਣਾ ਅਸਤੀਫਾ ਦਿੰਦਾ ਹਾਂ।

ਆਪਜੀ ਦਾ ਸ਼ੁਭਚਿੰਤਕ

HSPhoolka

ਹਰਵਿੰਦਰ ਸਿੰਘ ਫੂਲਕਾ
ਐਮ. ਐਲ. ਏ. ਦਾਖਾ